

ਹੱਕ ਸੱਚ ਦੀ ਆਵਾਜ਼

ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ

Email- fatehtimes1699@gmail.com

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਰਜਿ ਨੰ : ਪੀ ਬੀ 22000167 ਫਤਿਹਾਬਾਦ , ਬੁੱਧਵਾਰ 18 ਨਵੰਬਰ 2026 , ਨਾਨਕਸ਼ਾਹੀ 3 ਮੱਘਰ, ਸੰਮਤ 558 ਸਾਲ: 5, ਅੰਕ 186 , ਪੰਨੇ: 4, ਮੁੱਲ: 4 ਰੁਪਏ

ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ 21 ਨਵੰਬਰ ਨੂੰ ਦਾਦੀ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਦੀ ਅਦਾਲਤ ਵੱਲੋਂ ਮਿਲੀ ਇਜਾਜ਼ਤ: ਐਡਵੋਕੇਟ ਹਰਜੋਤ ਸਿੰਘ ਮਾਨ

22 ਤੇ 23 ਨਵੰਬਰ ਦੇ ਸਮਾਗਮਾਂ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਹੋਵੇਗੀ ਸ਼ਮੂਲੀਅਤ



ਫਤਿਹ ਟਾਈਮਜ਼

ਅੰਮ੍ਰਿਤਸਰ, 17 ਨਵੰਬਰ (ਸੰਧਾ) ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੇ ਵਕੀਲ ਐਡਵੋਕੇਟ ਸ੍ਰ. ਹਰਜੋਤ ਸਿੰਘ ਮਾਨ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਮਾਣਯੋਗ ਐਡੀਸ਼ਨਲ ਸੈਸ਼ਨਜ਼ ਜੱਜ, ਅੰਮ੍ਰਿਤਸਰ ਵੱਲੋਂ ਅੱਜ ਮਿਤੀ 17 ਨਵੰਬਰ 2026 ਨੂੰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਵੱਲੋਂ ਆਪਣੀ ਦਾਦੀ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਹੁਕਮ ਸੁਣਾਇਆ ਗਿਆ ਹੈ। ਮਾਣਯੋਗ ਅਦਾਲਤ ਨੇ ਹੁਕਮ ਕੀਤਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ 21 ਨਵੰਬਰ 2026 ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ, ਹਿਰਾਸਤ ਵਿੱਚ ਹੀ, ਪਿੰਡ ਜੱਲੂਪੁਰ ਖੇੜਾ ਵਿਖੇ ਆਪਣੀ ਦਾਦੀ ਮਾਤਾ ਚਰਨ ਕੌਰ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਲਿਆਂਦਾ ਜਾਵੇ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਸਬੰਧੀ ਪਹਿਲਾਂ ਮਿਤੀ 13 ਨਵੰਬਰ 2026 ਨੂੰ ਜਾਰੀ ਕੀਤੇ ਹੁਕਮ ਦੀਆਂ ਸ਼ਰਤਾਂ ਲਾਗੂ ਰਹਿਣਗੀਆਂ। ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਪ੍ਰੈਸ ਨੋਟ ਰਾਹੀਂ ਐਡ ਸ੍ਰ ਹਰਜੋਤ ਸਿੰਘ ਮਾਨ ਨੇ ਦੱਸਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਵੱਲੋਂ ਆਪਣੀ ਦਾਦੀ ਜੀ ਨਾਲ ਡੂੰਘੇ ਪਿਆਰ ਅਤੇ ਸਨੇਹ ਦੇ ਮੱਦੇਨਜ਼ਰ ਉਨ੍ਹਾਂ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਦੀ ਮੰਗ ਕੀਤੀ ਗਈ ਸੀ। ਮਾਣਯੋਗ ਅਦਾਲਤ ਨੇ ਇਸ ਮਨੁੱਖੀ ਪੱਖ ਨੂੰ ਵਿਚਾਰਦਿਆਂ 21 ਨਵੰਬਰ ਨੂੰ ਸੀਮਤ ਸਮੇਂ ਲਈ ਉਨ੍ਹਾਂ ਦੀ ਸਰੀਰਕ ਹਾਜ਼ਰੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤੀ ਹੁਕਮ ਅਨੁਸਾਰ 22 ਨਵੰਬਰ 2026 ਨੂੰ ਅਸਥੀਆਂ ਇਕੱਠੀਆਂ ਕਰਨ ਦੀ ਰਸਮ ਅਤੇ 23 ਨਵੰਬਰ 2026 ਨੂੰ ਹੋਣ ਵਾਲੇ ਭੋਗ ਸਮਾਗਮ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਦੀ ਸ਼ਮੂਲੀਅਤ ਵੀਡੀਓ ਕਾਨਫਰੰਸਿੰਗ ਰਾਹੀਂ ਕਰਵਾਈ ਜਾਵੇਗੀ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਯਾਤਰਾ ਅਤੇ ਸੁਰੱਖਿਆ ਪ੍ਰਬੰਧਾਂ ਨਾਲ ਸਬੰਧਤ ਵਾਜਬ ਖਰਚਾ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਵੱਲੋਂ ਕੀਤਾ ਜਾਵੇਗਾ। ਨਾਲ ਹੀ, ਕਾਨੂੰਨ-ਵਿਵਸਥਾ ਸਬੰਧੀ ਕਿਸੇ ਅਣਸੁਖਾਵੀਂ ਸਥਿਤੀ ਦੀ ਸੂਰਤ ਵਿੱਚ ਸਰਕਾਰ ਨੂੰ ਲੋੜੀਂਦੀ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ। ਐਡ ਸ੍ਰ ਹਰਜੋਤ ਸਿੰਘ ਮਾਨ ਵੱਲੋਂ ਸਾਂਝੀ ਕੀਤੀ ਗਈ ਇਸ ਜਾਣਕਾਰੀ ਦਾ ਹਵਾਲਾ (ਬਾਕੀ ਸਫਾ 2 ਤੇ)

ਪੰਥਕ ਹਲਕਾ ਖਡੂਰ ਸਾਹਿਬ 'ਚ ਭਾਜਪਾ ਦਾ ਪੰਥਕ ਚਿਹਰਾ ਭਰੋਵਾਲ।

ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼ ਸੰਪਾਦਕੀ

2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਅਕਾਲੀ ਭਾਜਪਾ ਗਠਜੋੜ ਹੋਣ ਦੀਆਂ ਕਿਆਸਅਰਾਈਆਂ ਬੜੀ ਲੰਮੇ ਦੇਰ ਤੋਂ ਚੱਲ ਰਹੀਆਂ ਨੇ ਪਰ ਅਜੇ ਤੱਕ ਜ਼ਮੀਨੀ ਪੱਧਰ ਤੇ ਇਹਨਾਂ ਪਾਰਟੀਆਂ ਦੇ ਆਗੂਆਂ ਦਾ ਕੋਈ ਰਲੇਵਾਂ ਹੁੰਦਾ ਦਿਸਦਾ ਨਹੀਂ ਪ੍ਰੰਤੂ ਭਾਜਪਾ ਵਲੋਂ ਪੰਥਕ ਹਲਕਾ ਖਡੂਰ ਸਾਹਿਬ ਵਿਚ ਪੰਥਕ ਚਿਹਰੇ ਸ੍ਰ ਰਮਨਦੀਪ ਸਿੰਘ ਭਰੋਵਾਲ ਨੂੰ ਉਮੀਦਵਾਰ ਬਣਾ ਕੇ ਪੰਥਕ ਹਲਕੇ ਦੇ ਵੋਟਰਾਂ ਨੂੰ ਆਪਣੇ ਵੱਲ ਖਿਚਿਆ ਜਾ ਸਕਦਾ ਹੈ ਜ਼ਿਕਰਯੋਗ ਹੈ ਕਿ ਸ੍ਰ ਭਰੋਵਾਲ ਪਿਛਲੇ ਲੰਮੇ ਸਮੇਂ ਤੋਂ ਹਲਕਾ ਖਡੂਰ ਸਾਹਿਬ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਵਿਚਰ ਰਹੇ ਹਨ। ਲੰਮਾ ਸਮਾਂ ਲੋਕ ਭਲਾਈ ਪਾਰਟੀ ਅਤੇ ਸ੍ਰ ਬਲਵੰਤ ਸਿੰਘ ਰਾਮੂਵਾਲੀਆ ਦੀ ਅਗਵਾਈ ਵਿਚ ਸਿਆਸਤ ਦੀਆਂ ਬਾਰੀਕੀਆਂ ਜਾਨਣ ਵਾਲੇ ਭਰੋਵਾਲ ਦੀ ਹਲਕਾ ਖਡੂਰ ਸਾਹਿਬ ਵਿਚ ਚੰਗੀ ਸਿਆਸੀ ਪੈਂਠ ਹੈ। ਉਨ੍ਹਾਂ ਵਲੋਂ ਜਿਸ ਤਰੀਕੇ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਵੇਲੇ ਛੱਡਿਆ ਗਿਆ ਜਦ ਕੋਈ ਸੁਖਬੀਰ ਸਿੰਘ ਬਾਦਲ ਖਿਲਾਫ਼ ਕੁਝ ਬੋਲਣ ਨੂੰ ਤਿਆਰ ਨਹੀਂ ਸੀ ਇਹ ਵੀ ਵੱਡੀ ਗੱਲ ਹੈ। ਸ੍ਰ ਭਰੋਵਾਲ ਜਿਥੇ ਹਲਕਾ ਖਡੂਰ ਸਾਹਿਬ ਦੇ ਲੋਕਾਂ ਦੇ ਦੁੱਖ ਸੁੱਖ ਵਿਚ ਸ਼ਰੀਕ ਹੋ ਰਹੇ ਹਨ ਉਥੇ ਹੀ ਹਲਕੇ ਵਿਚਲੀ ਕਾਨੂੰਨ ਵਿਵਸਥਾ ਬਾਰੇ ਵੀ ਬੇਬਾਕੀ ਨਾਲ ਬੋਲਦੇ ਰਹੇ ਹਨ। ਦੇਖਣਾ ਇਹ ਹੋਵੇਗਾ ਕਿ ਜੇਕਰ ਅਕਾਲੀ ਭਾਜਪਾ ਗਠਜੋੜ ਨਹੀਂ ਹੁੰਦਾ ਤਾ ਪੰਥਕ ਹਲਕਾ ਖਡੂਰ ਸਾਹਿਬ ਤੋਂ ਭਾਜਪਾ ਪੰਥਕ ਉਮੀਦਵਾਰ ਵਜੋਂ ਸ੍ਰ ਭਰੋਵਾਲ ਨੂੰ ਕਦੋਂ ਉਤਾਰਦੀ ਹੈ।



ਚੇਅਰਮੈਨ ਪਰਮਿੰਦਰ ਸਿੰਘ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ ਦਾ ਗੁਲਦਸਤਾ ਭੇਂਟ ਕਰਕੇ ਕੀਤਾ ਵਿਸ਼ੇਸ਼ ਸਨਮਾਨ

ਆਪ ਸਰਕਾਰ ਦੇ ਕਾਰਜਕਾਲ ਦੀ ਕੀਤੀ ਪੁਰਜ਼ੋਰ ਸ਼ਲਾਘਾ, ਕਿਹਾ-ਲੋਕ ਮੁੜ ਦੁਬਾਰਾ ਸਰਕਾਰ ਬਣਾਉਣ ਲਈ ਉਤਾਵਲੇ



ਫਤਿਹ ਟਾਈਮਜ਼

ਜਗਰਾਉਂ, 17 ਨਵੰਬਰ **(ਸੰਜੀਵ ਅਰੋੜਾ)** ਮਾਰਕੀਟ ਕਮੇਟੀ ਸਿੱਧਵਾਂ ਬੇਟ ਦੇ ਚੇਅਰਮੈਨ ਪਰਮਿੰਦਰ ਸਿੰਘ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਇੱਕ ਉੱਚ-ਪੱਧਰੀ ਮੁਲਾਕਾਤ ਕੀਤੀ। ਇਸ ਦੌਰਾਨ ਚੇਅਰਮੈਨ ਸਿੱਧੂ ਨੇ ਮੁੱਖ ਮੰਤਰੀ ਨੂੰ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਅਤੇ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਜਨਹਿੱਤਕਾਰੀ ਕੰਮਾਂ ਲਈ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਵਾਅਦਿਆਂ 'ਤੇ ਖਰੀ ਉੱਤਰੀ ਮਾਨ ਸਰਕਾਰ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਚੇਅਰਮੈਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਸਰਕਾਰ ਨੇ ਆਪਣੇ ਮੌਜੂਦਾ ਕਾਰਜਕਾਲ ਦੌਰਾਨ ਇਤਿਹਾਸਕ ਕੰਮ ਕੀਤੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਆਪ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਇੱਕ-ਇੱਕ ਵਾਅਦਾ ਸਰਕਾਰ ਨੇ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਪੂਰਾ ਕੀਤਾ ਹੈ, ਚਾਹੇ ਉਹ ਮੁਫ਼ਤ ਬਿਜਲੀ ਦਾ ਫ਼ੈਸਲਾ ਹੋਵੇ, ਨੌਜਵਾਨਾਂ ਨੂੰ ਪੱਕੀਆਂ ਸਰਕਾਰੀ ਨੌਕਰੀਆਂ ਦੇਣਾ ਹੋਵੇ ਜਾਂ ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਵੱਡੇ ਸੁਧਾਰ ਕਰਨੇ ਹੋਣ। ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣਾਂ ਦੌਰਾਨ ਕੀਤੇ ਸਾਰੇ ਵਾਅਦੇ ਪੂਰੇ ਕਰਕੇ ਜਨਤਾ ਦਾ ਦਿਲ ਜਿੱਤ ਲਿਆ ਹੈ। ਸਰਕਾਰ ਦਾ ਹੁਣ ਤੱਕ ਦਾ ਕਾਰਜਕਾਲ ਮਿਸਾਲੀ ਰਿਹਾ ਹੈ। ਚੇਅਰਮੈਨ ਪਰਮਿੰਦਰ ਸਿੰਘ ਸਿੱਧੂ ਲੋਕਾਂ ਵਿੱਚ ਭਾਰੀ ਉਤਸ਼ਾਹ, ਮੁੜ ਬਣਾਉਣਗੇ ਆਪ ਸਰਕਾਰ ਚੇਅਰਮੈਨ ਸਿੱਧੂ ਨੇ ਅੱਗੇ ਬੋਲਦਿਆਂ ਦਾਅਵਾ ਕੀਤਾ ਕਿ ਪੰਜਾਬ ਦੀ ਜਨਤਾ ਸਰਕਾਰ ਦੇ ਕੰਮਕਾਜ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ। ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਕਾਰਨ ਆਮ ਲੋਕਾਂ ਦਾ ਵਿਸ਼ਵਾਸ ਆਮ ਆਦਮੀ ਪਾਰਟੀ ਵਿੱਚ ਹੋਰ ਮਜ਼ਬੂਤ ਹੋਇਆ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਲੋਕ ਆਗਾਮੀ ਚੋਣਾਂ ਵਿੱਚ ਇੱਕ ਵਾਰ ਫਿਰ ਤੋਂ ਭਾਰੀ ਬਹੁਮਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ। ਇਸ ਮੁਲਾਕਾਤ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸਨਮਾਨ ਲਈ ਧੰਨਵਾਦ ਪ੍ਰਗਟਾਇਆ ਅਤੇ ਦੁਹਰਾਇਆ ਕਿ ਸਰਕਾਰ ਦਾ ਮੁੱਖ ਮਨੋਰਥ ਪੰਜਾਬ ਨੂੰ ਰੰਗਲਾ ਅਤੇ ਖੁਸ਼ਹਾਲ ਬਣਾਉਣਾ ਹੈ, ਜਿਸ ਲਈ ਦਿਨ ਰਾਤ ਬਿਨਾਂ ਕਿਸੇ ਭੇਦਭਾਵ ਦੇ ਕੰਮ ਕੀਤਾ ਜਾ ਰਿਹਾ ਹੈ।

ਆਜ਼ਾਦੀ ਲਹਿਰ, ਆਜ਼ਾਦੀ ਘੁਲਾਟੀਏ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ ਪੁਸਤਕ ਲੋਕ ਅਰਪਣ ਕੀਤੀ



ਫਤਿਹ ਟਾਈਮਜ਼

ਤਰਨ ਤਾਰਨ, 17 ਨਵੰਬਰ (ਐਸ ਐਸ ਸੰਧਾ) ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਸੱਤ ਸ਼ਹੀਦਾਂ ਸਮੇਤ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਅਤੇ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਦੀ ਸ਼ਤਾਬਦੀ ਨੂੰ ਸਮਰਪਿਤ ਪੁਸਤਕ ' ਆਜ਼ਾਦੀ ਲਹਿਰ, ਆਜ਼ਾਦੀ ਘੁਲਾਟੀਏ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ ' ਜਿਸ ਦੇ ਲੇਖਕ ਸ੍ਰ ਜਸਵਿੰਦਰ ਸਿੰਘ ' ਮਾਣੋਚਾਹਲ ' ਹਨ, ਭਾਈ ਮੋਹਨ ਸਿੰਘ ਵੈਦ ਯਾਦਗਾਰੀ ਲਾਇਬ੍ਰੇਰੀ ਤਰਨਤਾਰਨ ਵਿਖੇ ਲੋਕ _ ਅਰਪਣ ਕੀਤੀ ਗਈ। ਇਹ ਸਮਾਗਮ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਤਰਨਤਾਰਨ (ਰਜਿ:) ਦੇ ਉੱਦਮ ਨਾਲ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਜਿਲ੍ਹਾ ਤਰਨਤਾਰਨ ਅਤੇ ਅੰਮ੍ਰਿਤਸਰ ਤੋਂ ਫਰੀਡਮ ਫਾਈਟਰ ਸੰਸਥਾ (196) ਦੇ ਆਗੂ ਸਾਮਿਲ ਹੋਏ। ਇਸ ਸਮਾਗਮ ਦੇ ਸੰਯੋਜਕ ਸ੍ਰ ਜਸਵਿੰਦਰ ਸਿੰਘ ਢਿੱਲੋਂ, ਬਾਬਾ ਬਲਬੀਰ ਸਿੰਘ ਬੇਲੀ, ਸਰਪ੍ਰਸਤ ਬਲਬੀਰ ਭੈਲ, ਭਾਈ ਦੀਦਾਰ ਸਿੰਘ ਜੀ, ਸ੍ਰ ਤਾਰਾ ਸਿੰਘ ਲਾਇਬ੍ਰੇਰੀਅਨ, ਕਰਮ ਸਿੰਘ ਲਾਲਪੁਰਾ, ਡਾ: ਅਜਮੇਰ ਸਿੰਘ (ਬਾਕੀ ਸਫਾ 2 ਤੇ)

ਹੱਕ ਸੱਚ ਦੀ ਆਵਾਜ਼
ਫਤਿਹ ਟਾਈਮਜ਼ CHANNEL

ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।

ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

ਸਫਾ 1 ਦੀ ਬਾਕੀ

ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ 21 ਨਵੰਬਰ ਨੂੰ.....

ਫਤਿਹ ਟਾਈਮਜ਼ ਦਿੰਦਿਆਂ ਕਿਹਾ ਗਿਆ ਕਿ ਮਾਣਯੋਗ ਅਦਾਲਤ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਜੀ ਨੂੰ ਆਪਣੀ ਦਾਦੀ ਜੀ ਦੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਣ ਲਈ ਦਿੱਤੀ ਗਈ ਇਜਾਜ਼ਤ ਪਰਿਵਾਰਕ ਅਤੇ ਮਨੁੱਖੀ ਭਾਵਨਾਵਾਂ ਦੇ ਪੱਖੋਂ ਅਹਿਮ ਫ਼ੈਸਲਾ ਹੈ।

ਸਫਾ 1 ਦੀ ਬਾਕੀ

ਆਜ਼ਾਦੀ ਲਹਿਰ, ਆਜ਼ਾਦੀ ਘੁਲਾਟੀਏ ਅਤੇ ਗੁਰਦੁਆਰਾ ਸੁਧਾਰ ਲਹਿਰ ਦੇ ਯੋਧੇ...

ਫਤਿਹ ਟਾਈਮਜ਼ ਬਰਕੀ, ਸਤਵਿੰਦਰ ਸਿੰਘ ਢੋਟੀਆਂ, ਇੰਦਰ ਸਿੰਘ ਮਾਨ, ਚੰਚਲ ਸਿੰਘ ਚਾਹਲ, ਮਨਜੀਤ ਸਿੰਘ ਢਿੱਲੋਂ ਹਾਜ਼ਰ ਸਨ। ਅੰਮ੍ਰਿਤਸਰ ਤੋਂ ਪੰਜਾਬੀ ਸਭਿਆਚਾਰਕ ਸੱਥ ਦੇ ਪ੍ਰਧਾਨ ਜਸਬੀਰ ਝਬਾਲ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਦੇ ਪ੍ਰਧਾਨ ਸੇਲਿੰਦਰਜੀਤ ਰਾਜਨ, ਮੱਖਣ ਭੈਣੀ ਵਾਲਾ ਆਦਿ ਹਾਜ਼ਰ ਹੋਏ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਕਵੀਆਂ ਨੇ ਵੀ ਆਪਣੇ ਕਲਾਮ ਪੇਸ਼ ਕੀਤੇ। ਇਸ ਮੌਕੇ ਲੇਖਕ ਅਤੇ ਪੰਜਾਬੀ ਸਾਹਿਤ ਸਭਾ ਦੇ ਅਹੁੱਦੇਦਾਰਾਂ ਵੱਲੋਂ ਆਜ਼ਾਦੀ ਘੁਲਾਟੀਏ ਆਗੂਆਂ ਤੇ ਪ੍ਰੀਵਾਰਾਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਪੰਜਾਬੀ ਸਾਹਿਤ ਸਭਾ ਅਤੇ ਸਭਿਆਚਾਰਕ ਕੇਂਦਰ ਅਤੇ ਫਰੀਡਮ ਫਾਈਟਰਜ ਸੰਸਥਾ ਜਿਲ੍ਹਾ ਤਰਨਤਾਰਨ ਤੇ ਅੰਮ੍ਰਿਤਸਰ ਦੇ ਆਗੂਆਂ ਨੇ ਲੇਖਕ ਸ੍ਰ ਜਸਵਿੰਦਰ ਸਿੰਘ ' ਮਾਣੋਚਾਹਲ ' ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਫਰੀਡਮ ਫਾਈਟਰ ਸੰਸਥਾ ਦੇ ਆਗੂਆਂ ਵਿਚ ਸਕੱਤਰ ਸਿੰਘ ਪਹੂਵਿੰਡ, ਜਸਬੀਰ ਸਿੰਘ ਬੱਲਿਆਂਵਾਲਾ, ਸੁਰਜੀਤ ਸਿੰਘ ਭੁੱਚਰ, ਰਘੁਬੀਰ ਸਿੰਘ ਭੁੱਚਰ, ਇਜ.ਜਤਿੰਦਰ ਸਿੰਘ ਭੋਲ, ਪਰਮਜੀਤ ਸਿੰਘ ਔਜਲਾ, ਸੁਖਜਿੰਦਰ ਸਿੰਘ ਬੱਲ ,ਬਲਜੀਤ ਸਿੰਘ ਕਸੇਲ, ਜਸਪਿੰਦਰ ਸਿੰਘ ਕਸੇਲ ਆਦਿ ਹਾਜ਼ਰ ਸਨ।

ਦਰਸ਼ਨ ਬੇਕਰੀ



ਮੇਨ ਰੋਡ ਫਤਿਆਬਾਦ, (ਤਰਨ ਤਾਰਨ)
ਇਥੋਂ ਕੇਕ,ਪੇਸਟੀਆਂ,ਹਰ ਤਰਾਂ ਦੇ ਬਿਸਕੁੱਟ,ਸੂਜੀ ਰਸ ,ਪੈਟੀਆਂ,ਕਰੀਮ ਰੋਲ ਹਰ ਸਮੇਂ ਤਿਆਰ ਲਵੋ ।
ਕੁਲਜੀਤ ਸਿੰਘ ਲਾਡੀ
ਸੰਪਰਕ : 98721-51544, 98559-21544

LIC ਭਾਰਤੀਯ ਜੀਵਨ ਬੀਮਾ ਨਿਗਮ LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ
ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈੱਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।
ਡੈਂਥ ਕਲੇਮ,ਮਚਿਉਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575
ਅਖਬਾਰਾਂ ਵਿਚ ਨਾਮ ਬਦਲੀ,ਬੇਦਖਲੀ ਨੋਟਿਸ,ਟਿਊਬਵੈਲ ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

AMARON HI-LIFE LUBES
ਕੰਬੋਜ ਆਇਲ ਸਟੋਰ
ਫਤਿਹਾਬਾਦ
ਨੇੜੇ ਪੁਰਾਣੀ ਦਾਣਾ ਮੰਡੀ ਮੇਨ ਰੋਡ
ਐਮਰੋਨ ਕੰਪਨੀ ਦਾ ਵਧੀਆ ਮੋਟਰਸਾਈਕਲ,ਸਕੂਟੀ, ਟਰੈਕਟਰ,ਕਾਰ,ਬੱਸ ਆਦਿ ਦਾ ਇੰਜਨ ਆਇਲ ਲੈਣ ਲਈ ਸੰਪਰਕ ਕਰੋ।
ਪ੍ਰੋਪ: ਭੁਪਿੰਦਰ ਸਿੰਘ ਕੰਬੋਜ ਮੋ: 98143-00766

ਸਹੋਦਿਆ ਖੇਡਾਂ ਵਿਚ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਦਾ ਸ਼ਾਨਦਾਰ ਪ੍ਰਦਰਸ਼ਨ

ਫਤਿਹ ਟਾਈਮਜ਼



ਜਗਰਾਉਂ, 17 ਨਵੰਬਰ **(ਸੰਜੀਵ ਅਰੋੜਾ)** ਲੁਧਿਆਣਾ ਸਾਹੋਦਿਆ ਸਕੂਲ ਕੰਪਲੈਕਸ (ਵੈਸਟ) ਵੱਲੋਂ ਸ਼ੈਸ਼ਨ 2026-27 ਦੌਰਾਨ ਕਰਵਾਏ ਗਏ ਖੇਡ ਮੁਕਾਬਲਿਆਂ ਵਿੱਚ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ। ਵਿਦਿਆਰਥੀਆਂ ਨੇ ਖੋ-ਖੋ ਅਤੇ ਸੀਨੀਅਰ ਐਥਲੈਟਿਕ ਮੀਟ ਵਿੱਚ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਖੋ-ਖੋ ਮੁਕਾਬਲਿਆਂ ਵਿੱਚ ਅੰਡਰ-19 ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਅਤੇ ਅੰਡਰ-14 ਲੜਕੀਆਂ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ। ਸੀਨੀਅਰ ਐਥਲੈਟਿਕ ਮੀਟ ਵਿੱਚ ਨਯਾਸ਼ਾ ਨੇ 1500 ਮੀਟਰ ਅਤੇ 800 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਤਨਵੀਰ ਕੌਰ ਨੇ 3000 ਮੀਟਰ ਦੌੜ ਵਿੱਚ ਪਹਿਲਾ ਅਤੇ ਲੰਬੀ ਛਾਲ ਵਿੱਚ ਦੂਜਾ ਸਥਾਨ ਹਾਸਲ ਕੀਤਾ। ਸਤਵੰਤ ਕੌਰ ਨੇ 200 ਮੀਟਰ ਅਤੇ 100 ਮੀਟਰ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਨੇਹਾ ਨੇ 3000 ਮੀਟਰ ਦੌੜ ਵਿੱਚ ਪਹਿਲਾ ਅਤੇ 1500 ਮੀਟਰ ਦੌੜ ਵਿੱਚ ਦੂਜਾ ਸਥਾਨ ਹਾਸਲ ਕੀਤਾ। ਖੁਸ਼ਦੀਪ ਕੌਰ ਨੇ 800 ਮੀਟਰ ਦੌੜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਪਰਮਜੀਤ ਕੌਰ ਨੇ ਅੰਡਰ-14 ਵਰਗ ਦੇ ਲੰਬੀ ਛਾਲ ਅਤੇ 600 ਮੀਟਰ ਦੌੜ ਵਿੱਚ ਪਹਿਲਾ ਸਥਾਨ ਅਤੇ 200 ਮੀਟਰ ਦੌੜ ਵਿੱਚ ਤੀਜਾ ਸਥਾਨ ਹਾਸਲ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਲੜਕਿਆਂ ਦੇ ਵਰਗ ਵਿੱਚ ਗਗਨਦੀਪ ਸਿੰਘ ਨੇ 800 ਮੀਟਰ ਦੌੜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਰਿਲੇਅ ਦੌੜਾਂ ਵਿੱਚ ਵੀ ਸਕੂਲ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਡਰ-14 ਲੜਕੀਆਂ ਦੀ 100 ਮੀਟਰ ਰਿਲੇਅ ਟੀਮ ਵਿੱਚ ਪਰਮਜੀਤ ਕੌਰ, ਰਮਨਪ੍ਰੀਤ ਕੌਰ, ਜਸਲੀਨ ਕੌਰ ਅਤੇ ਸਿਮਰਨਜੋਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਅੰਡਰ-19 ਲੜਕੀਆਂ ਦੀ 400 ਮੀਟਰ ਰਿਲੇਅ ਟੀਮ ਵਿੱਚ ਨਯਾਸ਼ਾ, ਤਨਵੀਰ ਕੌਰ, ਸਤਵੰਤ ਕੌਰ ਅਤੇ ਮਨਵੀਰ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ-19 ਲੜਕਿਆਂ ਦੀ 400 ਮੀਟਰ ਰਿਲੇਅ ਟੀਮ ਵਿੱਚ ਗਗਨਦੀਪ ਸਿੰਘ, ਪ੍ਰਭਜੋਤ ਸਿੰਘ, ਅਭਿਸ਼ੇਕ ਗਰੋਵਰ ਅਤੇ ਪ੍ਰਿੰਸ ਸਿੰਘ ਨੇ ਵੀ ਦੂਜਾ ਸਥਾਨ ਹਾਸਲ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਸਕੂਲ ਦੇ ਖਿਡਾਰੀਆਂ ਨੇ ਕੁੱਲ 7 ਸੋਨੇ, 9 ਚਾਂਦੀ ਅਤੇ 1 ਕਾਂਸੀ ਦਾ ਤਮਗਾ ਜਿੱਤ ਕੇ ਸ਼ਾਨਦਾਰ ਓਪਲਬਧੀ ਹਾਸਲ ਕੀਤੀ। ਸਕੂਲ ਦੀ ਪ੍ਰਿੰਸੀਪਲ ਗੀਨਾ ਜੈਦਿਕਾ ਅਤੇ ਵਾਈਸ ਪ੍ਰਿੰਸੀਪਲ ਬੇਅੰਤ ਕੁਮਾਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।ਉਨ੍ਹਾਂ ਕਿਹਾ ਕਿ ਖੇਡਾਂ ਨਾਲ ਬੱਚਿਆਂ ਵਿੱਚ ਅਨੁਸ਼ਾਸਨ,ਆਤਮ-ਵਿਸ਼ਵਾਸ, ਮਿਹਨਤ ਅਤੇ ਟੀਮ ਭਾਵਨਾ ਵਰਗੇ ਗੁਣ ਪੈਦਾ ਹੁੰਦੇ ਹਨ।ਉਨ੍ਹਾਂ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਖੇਡਾਂ ਪ੍ਰਤੀ ਲਗਨ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਮਨਜੋਤ ਚੌਹਾਨ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਛਾਬੜਾ,ਡਾਇਰੈਕਟਰ ਨਵਨੀਤ ਚੌਹਾਨ, ਮੈਨੇਜਰ ਮਨਦੀਪ ਚੌਹਾਨ, ਮੈਨੇਜਿੰਗ ਡਾਇਰੈਕਟਰ ਬਹਾਦੁਰ ਸਿੰਘ ਸਿੱਧੂ,ਹਰਜੀਤ ਸਿੰਘ ਸਿੱਧੂ ਯੂ.ਐਸ.ਏ. ਆਦਿ ਹਾਜ਼ਰ ਸਨ।

ਨੰਬਰਦਾਰਾਂ ਨੇ ਨਾਇਬ ਤਹਿਸੀਲਦਾਰ ਦਾ ਬੁੱਕੇ ਭੇਂਟ ਕਰਕੇ ਕੀਤਾ ਸਵਾਗਤ

ਫਤਿਹ ਟਾਈਮਜ਼



ਜਗਰਾਉਂ, 17 ਨਵੰਬਰ **(ਸੰਜੀਵ ਅਰੋੜਾ)** ਪੰਜਾਬ ਨੰਬਰਦਾਰਾ ਯੂਨੀਅਨ (ਰਜਿ: 643) ਤਹਿਸੀਲ ਜਗਰਾਉਂ ਦੇ ਪ੍ਰਧਾਨ ਰਵਿੰਦਰ ਸਿੰਘ ਢੋਲਣ ਅਤੇ ਸਮੂਹ ਨੰਬਰਦਾਰਾਂ ਨੇ ਨਵੇਂ ਆਏ ਨਾਇਬ ਤਹਿਸੀਲਦਾਰ ਰਮੇਸ਼ ਕੁਮਾਰ ਢੀਂਗਰਾ ਨੂੰ ਬੁੱਕੇ ਭੇਂਟ ਕਰਕੇ ਸਵਾਗਤ ਕੀਤਾ। ਇਸ ਮੌਕੇ ਢੀਂਗਰਾ ਨੇ ਨੰਬਰਦਾਰਾਂ ਦਾ ਧੰਨਵਾਦ ਕਰਦੇ ਕਿਹਾ ਕਿ ਨੰਬਰਦਾਰਾ ਦਾ ਦਫ਼ਤਰ ਵਿਚ ਪੂਰਾ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੰਬਰਦਾਰ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣ। ਉਨ੍ਹਾਂ ਕਿਹਾ ਕਿ ਨੰਬਰਦਾਰਾ ਨੂੰ ਕੰਮ ਪ੍ਰਤੀ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਰਜਿਸਟਰੀ ਕਲਰਕ ਜਤਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਜਗਦੇਵ ਸਿੰਘ ਗੁਰੂਸਰ, ਜਨਰਲ ਸੈਕਟਰੀ ਬਲਵੀਰ ਸਿੰਘ ਸਵੱਦੀ, ਖਜ਼ਾਨਚੀ ਕੈਪਟਨ ਦਰਸ਼ਨ ਸਿੰਘ ਅਲੀਗੜ੍ਹ, ਕੁਲਵੰਤ ਸਿੰਘ ਰੂਮੀ, ਮਹਿੰਦਰਪਾਲ ਸਿੰਘ ਅਗਵਾੜ ਪੋਨਾ, ਸਿਮਰਨਜੀਤ ਸਿੰਘ ਡੱਲਾ, ਸਮਸ਼ੇਰ ਸਿੰਘ ਅਗਵਾੜ ਲੋਪੋ ਤੇ ਹਰਨੇਕ ਸਿੰਘ ਮਾਣੂੰਕੇ ਆਦਿ ਹਾਜ਼ਰ ਸਨ।

ਫਤਿਹ ਟਾਈਮਜ਼ CHANNEL
ਮਿਆਰੀ ਖਬਰਾਂ ਦੇਖਣ ਲਈ fatehtimes channel ਨੂੰ ਜਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਂਨਲ ਤੇ ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
ਮੋ; 99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407

ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

ਪ੍ਰਭ ਆਸਰਾ ਨਿਆਸਰਿਆਂ ਦੇ ਘਰ ਫੇਰੂਰਾਈ ਵਲੋਂ ਕੈਨੇਡਾ ਵਿਖੇ ਸਮਾਜ ਦਰਦੀਆਂ ਦਾ ਕੀਤਾ ਵੱਡਾ ਇਕੱਠ: ਹਰਜੀਤ ਸਿੰਘ ਰਾਏ



ਜਗਰਾਉਂ, 17 ਨਵੰਬਰ (ਚਰਨਜੀਤ ਸਿੰਘ ਸਰਨਾ)-ਪ੍ਰਭ ਆਸਰਾ ਨਿਆਸਰਿਆਂ ਦੇ ਘਰ ਪਿੰਡ ਫੇਰੂਰਾਈ ਜਿੱਥੇ ਮੰਦਬੁੱਧੀ ਬਜ਼ੁਰਗਾਂ ਦੀ ਸੇਵਾ ਤੇ ਸੰਭਾਲ ਬਹੁਤ ਹੀ ਸ਼ਲਾਘਾਯੋਗ ਢੰਗ ਨਾਲ ਕੀਤੀ ਜਾਂਦੀ ਹੈ। ਇਸ ਦੀ ਮੇਨ ਬ੍ਰਾਂਚ ਕੁਰਾਲੀ ਚੰਡੀਗੜ੍ਹ ਵਿੱਚ ਪਿਛਲੇ 23 ਸਾਲਾਂ ਤੋਂ ਬਜ਼ੁਰਗਾਂ ਲਈ ਆਸਰਾ ਦਿੱਤਾ ਜਾ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਪ੍ਰਭ ਆਸਰਾ ਫੇਰੂਰਾਈ ਦੇ ਮੁਖੀ ਹਰਜੀਤ ਸਿੰਘ ਰਾਏ ਵੱਲੋਂ ਕੀਤਾ ਗਿਆ। ਹਰਜੀਤ ਸਿੰਘ ਰਾਏ ਤੇ ਨਰਿੰਦਰ ਸਿੰਘ ਗੋਰਾ ਕਨੇਡਾ ਨੇ ਦੱਸਿਆ ਕਿ ਪ੍ਰਭ ਆਸਰਾ ਨਿਆਸਰਿਆਂ ਦੇ ਘਰ ਸੰਸਥਾ ਕੁਰਾਲੀ ਚੰਡੀਗੜ੍ਹ ਦੀ ਮੁਖੀ ਬੀਬੀ ਰਾਜਿੰਦਰ ਕੋਰ ਵੱਲੋਂ ਪਿਛਲੇ ਦਿਨੀਂ ਕੈਨੇਡਾ ਫੇਰੀ ਦੌਰਾਨ ਸਮਾਜ ਦਰਦੀਆਂ ਦਾ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਸ਼ਮੂਲੀਅਤ ਕੀਤੀ ਗਈ ਤੇ ਪ੍ਰਭ ਆਸਰਾ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜਿਕ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਮਮਤਾ ਫਾਊਡੇਸਨ ਦੇ ਪ੍ਰਧਾਨ ਮੱਖਣ ਟੁੱਟ ਵੱਲੋਂ ਹਰਜੀਤ ਸਿੰਘ ਰਾਏ ਵੱਲੋਂ ਪ੍ਰਭ ਆਸਰਾ ਸੰਸਥਾ ਲਈ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ। ਪ੍ਰਭ ਆਸਰਾ ਨਿਆਸਰਿਆਂ ਦੇ ਘਰ ਵੱਲੋਂ ਸੜਕਾਂ ਤੇ ਰੁਲਦੇ ਪ੍ਰਾਣੀਆ ਨੂੰ ਆਸਰਾ ਦਿੱਤਾ ਜਾਂਦਾ ਹੈ ਤੇ ਇਸ ਵਿੱਚ ਬੱਚੇ, ਬਜ਼ੁਰਗਾਂ ਤੇ ਮਤਾਵਾਂ ਲਈ ਵੱਖੋ-ਵੱਖਰੇ ਰੈਣ ਬਸੇਰਿਆਂ ਵਿੱਚ ਵੰਡਿਆ ਗਿਆ ਹੈ ਤੇ ਹੋਰ ਵੀ ਕਈ ਸਮਾਜਿਕ ਭਲਾਈ ਦੇ ਕੰਮਾਂ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ। ਕੈਨੇਡਾ ਦੀ ਧਰਤੀ ਵਿੱਚ ਪ੍ਰਭ ਆਸਰਾ ਲਈ ਯੋਗਦਾਨ ਦੇਣ ਸਮੇਂ ਹਰਜੀਤ ਸਿੰਘ ਗਿੱਲ ਸਰਬੱਤ ਦਾ ਭਲਾ ਫ੍ਰੀ ਐਡ ਸੁਸਾਇਟੀ, ਜੈਸੀ ਸਹੋਤਾ ਐਮ. ਐੱਲ. ਏ, ਬੀਸੀ ਖ਼ਾਲਸਾ ਦਰਬਾਰ ਸੁਸਾਇਟੀ ਵੈਨਕੁਵਰ, ਪਰਮ ਧਾਲੀਵਾਲ, ਹਰਜਿੰਦਰ ਸੋਹੀ, ਮੱਖਣ ਟੁੱਟ ਕਨੇਡਾ, ਨਰਿੰਦਰ ਸਿੰਘ ਗੋਰਾ ਤੇ ਖਾਸ ਕਰਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਗਿਆਨੀ ਨਿਰਭੈ ਸਿੰਘ ਪ੍ਰਭ ਆਸਰਾ ਦੀ ਸਾਲਾਨਾ ਇਕੱਤਰਤਾ ਵਿੱਚ ਸ਼ਾਮਲ ਹੋਏ। ਹਰਜੀਤ ਸਿੰਘ ਰਾਏ ਵੱਲੋਂ ਸਾਰੀਆਂ ਸੰਸਥਾਵਾਂ ਦਾ ਪਹੁੰਚਣ ਲਈ ਧੰਨਵਾਦ ਕੀਤਾ ਗਿਆ।

ਅੱਪਰ ਬਾਰੀ ਦੁਆਬ ਨਹਿਰ : ਇਤਿਹਾਸ, ਵਿਰਾਸਤ ਅਤੇ ਮਾਝੇ ਦੀ ਜੀਵਨ-ਰੇਖਾ:- ਇੰਜ ਮਨਜੀਤ ਸਿੰਘ ਸੈਣੀ



ਅੰਮ੍ਰਿਤਸਰ 17 ਨਵੰਬਰ (ਪ ਪ) ਅੱਪਰ ਬਾਰੀ ਦੁਆਬ ਨਹਿਰ ਕੇਵਲ ਇੱਕ ਸਿੰਚਾਈ ਪ੍ਰੋਜੈਕਟ ਨਹੀਂ, ਸਗੋਂ ਮਾਝੇ ਦੇ ਇਤਿਹਾਸ ਅਤੇ ਵਿਕਾਸ ਦਾ ਇੱਕ ਅਹਿਮ ਹਿੱਸਾ ਹੈ। ਇਸਦੀ ਸ਼ੁਰੂਆਤ ਆਧੁਨਿਕ ਇੰਜੀਨੀਅਰਿੰਗ ਤੋਂ ਨਹੀਂ, ਸਗੋਂ ਸਾਡੇ ਸਥਾਨਕ ਕਿਸਾਨਾਂ ਦੀ ਸੂਝ-ਬੂਝ ਤੋਂ ਹੋਈ ਸੀ।

1693 ਤੋਂ ਪਹਿਲਾਂ: ਸਥਾਨਕ ਕਿਸਾਨਾਂ ਦੀ ਦੇਸੀ ਤਕਨੀਕ :ਪੱਕੀਆਂ ਨਹਿਰਾਂ ਅਤੇ ਡੈਮਾਂ ਦੇ ਬਣਨ ਤੋਂ ਬਹੁਤ ਪਹਿਲਾਂ, ਮਾਧੋਪੁਰ ਦੇ ਆਸ-ਪਾਸ 'ਚੱਕ ਅੰਦਰ' (ਨਰੋਟ) ਇਲਾਕੇ ਦੇ ਕਿਸਾਨ ਰਾਵੀ ਦਰਿਆ ਦੇ ਪਾਣੀ ਦੀ ਖੇਤੀਬਾੜੀ ਲਈ ਵਰਤੋਂ ਕਰਦੇ ਸਨ। ਦਰਿਆ ਦਾ ਤਲ ਚੌੜਾ ਅਤੇ ਪਥਰੀਲਾ ਹੋਣ ਕਾਰਨ, ਕਿਸਾਨ ਦਰਿਆ ਵਿੱਚ ਵੱਡੇ ਪੱਥਰਾਂ ਅਤੇ ਦਰੱਖਤਾਂ ਦੀਆਂ ਛਾਪਾਂ (ਟਾਹਣੀਆਂ) ਨਾਲ ਕੱਚੀਆਂ ਠੋਕਰਾਂ ਲਗਾ ਕੇ ਪਾਣੀ ਦਾ ਰੁਖ ਮੋੜਦੇ ਸਨ। ਇਸ ਪਾਣੀ ਨੂੰ ਛੋਟੀਆਂ ਕੂਲਾਂ ਰਾਹੀਂ ਖੇਤਾਂ ਤੱਕ ਲਿਜਾ ਕੇ ਕਪਾਹ ਅਤੇ ਕਮਾਦ (ਗੰਨਾ) ਵਰਗੀਆਂ ਫਸਲਾਂ ਦੀ ਸ਼ਾਨਦਾਰ ਖੇਤੀ ਕੀਤੀ ਜਾਂਦੀ ਸੀ।

ਮੁਗਲ ਕਾਲ ਅਤੇ 'ਹੰਸਲੀ ਨਹਿਰ' :ਸਥਾਨਕ ਕਿਸਾਨਾਂ ਦੀ ਪੱਥਰਾਂ ਨਾਲ ਪਾਣੀ ਮੋੜਨ ਦੀ ਇਸੇ ਦੇਸੀ ਤਕਨੀਕ ਤੋਂ ਪ੍ਰੇਰਿਤ ਹੋ ਕੇ, 1693 ਵਿੱਚ ਮੁਗਲ ਬਾਦਸ਼ਾਹ ਸ਼ਾਹਜਹਾਂ ਦੇ ਸਮੇਂ ਅਲੀ ਮਰਦਾਨ ਖਾਨ ਦੁਆਰਾ 'ਹੰਸਲੀ ਨਹਿਰ' ਦੀ ਸ਼ੁਰੂਆਤ ਕੀਤੀ ਗਈ, ਤਾਂ ਜੋ ਰਾਵੀ ਦਾ ਪਾਣੀ ਲਾਹੌਰ ਦੇ ਸ਼ਾਲੀਮਾਰ ਬਾਗਾਂ ਤੱਕ ਪਹੁੰਚਾਇਆ ਜਾ ਸਕੇ।

ਆਸਥਾ ਅਤੇ ਜਲ ਸੇਵਾ: 1820ਵਿਆਂ ਵਿੱਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਇਹਨਾਂ ਕੱਚੀਆਂ ਕੂਲਾਂ ਅਤੇ ਨਹਿਰ ਦੀ ਮੁਰੰਮਤ ਕਰਵਾਈ। ਉਹਨਾਂ ਨੇ ਇਸਦੀ ਇੱਕ ਸ਼ਾਖਾ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੇ ਪਵਿੱਤਰ ਸਰੋਵਰਾਂ ਤੱਕ ਨਿਰੰਤਰ ਜਲ ਸਪਲਾਈ ਲਈ ਜੋੜਿਆ। ਬਾਅਦ ਵਿੱਚ 1920ਵਿਆਂ ਦੌਰਾਨ ਜਦੋਂ ਸ਼੍ਰੀ ਦੁਰਗਿਆਨਾ ਮੰਦਿਰ ਦੀ ਸਥਾਪਨਾ ਹੋਈ, ਤਾਂ ਇਸਦੇ ਨਵੇਂ ਬਣੇ ਸਰੋਵਰ ਨੂੰ ਵੀ ਮੁਕੰਮਲ ਹੋ ਚੁੱਕੇ ਆਧੁਨਿਕ ਅਪਰ ਬਾਰੀ ਦੁਆਬ ਨਹਿਰ ਢਾਂਚੇ ਰਾਹੀਂ ਹੀ ਪਾਣੀ ਮੁਹੱਈਆ ਕਰਵਾਇਆ ਗਿਆ।

ਬ੍ਰਿਟਿਸ਼ ਇੰਜੀਨੀਅਰਿੰਗ ਅਤੇ ਖਾਲਸਾ ਫੌਜ ਦਾ ਮੁੜ-ਵਸੇਬਾ: 1849 ਵਿੱਚ ਪੰਜਾਬ ਉੱਤੇ ਬ੍ਰਿਟਿਸ਼ ਕਬਜ਼ੇ ਤੋਂ ਬਾਅਦ ਸਿੱਖ ਰਾਜ ਦੀ ਵਿਸ਼ਾਲ 'ਖਾਲਸਾ ਫੌਜ' ਨੂੰ ਤੋੜ ਦਿੱਤਾ ਗਿਆ। ਹਜ਼ਾਰਾਂ ਬੇਰੁਜ਼ਗਾਰ ਸਿੱਖ ਫੌਜੀਆਂ ਨੂੰ ਬਗਾਵਤ ਤੋਂ ਰੋਕਣ ਅਤੇ ਸਨਮਾਨਜਨਕ ਰੁਜ਼ਗਾਰ ਦੇਣ ਲਈ, ਅੰਗਰੇਜ਼ਾਂ ਨੇ ਨਹਿਰੀ ਢਾਂਚੇ ਦਾ ਵਿਸਥਾਰ ਕੀਤਾ। ਭਾਵੇਂ ਇਸ ਨਹਿਰ ਦੀ ਸ਼ੁਰੂਆਤ ਦੇਸੀ ਤਕਨੀਕ, ਮੁਗਲ ਅਤੇ ਸਿੱਖ ਰਾਜ ਸਮੇਂ ਹੋਈ ਸੀ, ਪਰ ਇਸ ਦਾ ਅਜੋਕਾ ਵਿਗਿਆਨਕ ਢਾਂਚਾ ਬ੍ਰਿਟਿਸ਼ ਰਾਜ ਦੀ ਯੋਜਨਾਬੰਦੀ ਹੈ। ਅੰਗਰੇਜ਼ਾਂ ਨੇ ਪੁਰਾਣੀਆਂ ਕੱਚੀਆਂ ਠੋਕਰਾਂ ਵਾਲੀ ਥਾਂ 'ਤੇ ਮਾਧੋਪੁਰ ਵਿਖੇ ਇੱਕ ਪੱਕਾ ਹੈੱਡਵਰਕਸ ਬਣਾਇਆ। ਅੱਜ ਦਾ ਚੱਲ ਰਿਹਾ ਅਪਰ ਬਾਰੀ ਦੁਆਬ ਨਹਿਰ ਸਿਸਟਮ—ਜਿਸ ਵਿੱਚ ਪੱਕੇ ਹੈੱਡਵਰਕਸ, ਮੁੱਖ ਬ੍ਰਾਂਚਾਂ, ਡਿਸਟ੍ਰੀਬਿਊਟਰੀਆਂ ਅਤੇ ਮਾਈਨਰ ਸ਼ਾਮਲ ਹਨ—ਅੰਗਰੇਜ਼ ਇੰਜੀਨੀਅਰਾਂ ਵੱਲੋਂ ਸਹੀ ਡਿਜ਼ਾਈਨ ਅਤੇ ਢਲਾਨ ਨਾਲ ਤਿਆਰ ਕੀਤਾ ਗਿਆ ਸੀ।

ਬੰਜਰ ਜ਼ਮੀਨਾਂ ਤੋਂ ਹਰੇ-ਭਰੇ ਖੇਤ: ਇਸ ਬਿਹਤਰੀਨ ਢਾਂਚੇ ਨੇ ਰਾਵੀ ਅਤੇ ਬਿਆਸ ਵਿਚਕਾਰਲੇ ਉੱਚੇ, ਬੰਜਰ ਅਤੇ ਜੰਗਲੀ ਇਲਾਕਿਆਂ ਨੂੰ ਉਪਜਾਊ ਜ਼ਮੀਨਾਂ ਵਿੱਚ ਬਦਲ ਦਿੱਤਾ। ਨਹਿਰ ਆਉਣ ਕਾਰਨ ਆਬਾਦ ਹੋਈਆਂ ਨਵੀਆਂ ਜ਼ਮੀਨਾਂ ਸਾਬਕਾ ਸਿੱਖ ਸੈਨਿਕਾਂ ਨੂੰ ਅਲਾਟ ਕੀਤੀਆਂ ਗਈਆਂ, ਜਿਸ ਨਾਲ ਉਹ ਸਫਲ ਕਿਸਾਨ ਬਣੇ ਅਤੇ ਮਾਝੇ ਦਾ ਖੇਤੀਬਾੜੀ ਅਰਥਚਾਰਾ ਖੁਸ਼ਹਾਲ ਹੋਇਆ।

ਅਜੋਕਾ ਜਲ ਸੰਕਟ ਅਤੇ ਅਪਰ ਬਾਰੀ ਦੁਆਬ ਨਹਿਰ ਦਾ ਨਵਾਂ ਰੋਲ: ਦਿਨ-ਬ-ਦਿਨ ਟਿਊਬਵੈੱਲਾਂ ਰਾਹੀਂ ਪਾਣੀ ਦੀ ਬੇਤਹਾਸ਼ਾ ਨਿਕਾਸੀ ਅਤੇ ਹੋਰ ਕਾਰਨਾਂ ਕਰਕੇ ਜ਼ਮੀਨੀ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਰਿਹਾ ਹੈ। ਸ਼ਹਿਰੀ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਵਾਲੇ ਟਿਊਬਵੈੱਲਾਂ ਦੇ 'ਬਲੈਕ ਜ਼ੋਨ' ਵਿੱਚ ਜਾਣ ਕਾਰਨ ਇੱਕ ਗੰਭੀਰ ਖ਼ਤਰਾ ਬਣ ਗਿਆ ਹੈ। ਇਸ ਕੁਦਰਤੀ ਸੰਕਟ ਨਾਲ ਨਜਿੱਠਣ ਲਈ ਅੰਮ੍ਰਿਤਸਰ ਸ਼ਹਿਰ ਲਈ ਨਹਿਰੀ ਪਾਣੀ 'ਤੇ ਆਧਾਰਿਤ ਇੱਕ ਬਹੁਤ ਵੱਡਾ ਸਰਫੇਸ ਵਾਟਰ ਪ੍ਰੋਜੈਕਟ ਮੁਕੰਮਲ ਹੋਣ ਕਿਨਾਰੇ ਹੈ। ਆਉਣ ਵਾਲੇ ਸਮੇਂ ਵਿੱਚ ਇਸ ਨਹਿਰ ਦਾ ਪਾਣੀ ਖੇਤੀਬਾੜੀ ਦੇ ਨਾਲ-ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਲਈ ਪੀਣ ਵਾਲੇ ਸ਼ੁੱਧ ਪਾਣੀ ਦਾ ਵੀ ਮੁੱਖ ਸਹਾਰਾ ਬਣੇਗਾ।

(M) 97819-55016
ਬਲਬੀਰ ਸਿੰਘ
ਟਾਈਫਾਇਡ, ਸਰਵਾਈਕਲ, ਲੀਵਰ ਫੈਟੀ,
ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ
ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ

ਸੁਰ ਸੰਗਮ ਸੰਗੀਤ ਕਲਾ ਮੰਦਰ ਟਰੱਸਟ, ਭੋਗਪੁਰ (ਸ਼ਾਖਾ ਹੁਸ਼ਿਆਰਪੁਰ) ਵੱਲੋਂ ਸੰਗੀਤ ਮੁਕਾਬਲੇ ਅਤੇ ਵਿਸ਼ਾਲ ਸੰਗੀਤ ਸੰਮੇਲਨ ਦਾ ਸਫ਼ਲ ਆਯੋਜਨ



ਹੁਸ਼ਿਆਰਪੁਰ, 17 ਨਵੰਬਰ (ਪ ਪ) ਸੁਰ ਸੰਗਮ ਸੰਗੀਤ ਕਲਾ ਮੰਦਰ ਟਰੱਸਟ, ਭੋਗਪੁਰ (ਸ਼ਾਖਾ ਹੁਸ਼ਿਆਰਪੁਰ) ਵੱਲੋਂ ਭਾਰਤੀ ਸ਼ਾਸਤਰੀ ਸੰਗੀਤ, ਅਰਧ-ਸ਼ਾਸਤਰੀ ਸੰਗੀਤ, ਗ਼ਜ਼ਲ ਅਤੇ ਪੰਜਾਬੀ ਲੋਕ ਗਾਇਕੀ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਦੋ ਰੋਜ਼ਾ ਸੰਗੀਤਕ ਸਮਾਗਮਾਂ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ 12 ਨਵੰਬਰ 2026 ਨੂੰ ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਲਕਸ਼ਮੀ ਐਨਕਲੇਵ, ਹੁਸ਼ਿਆਰਪੁਰ ਦੇ ਆਡੀਟੋਰੀਅਮ ਵਿਖੇ ਸੰਗੀਤ ਮੁਕਾਬਲੇ ਕਰਵਾਉਣ ਨਾਲ ਹੋਈ, ਜਦਕਿ 14 ਨਵੰਬਰ 2026 ਨੂੰ ਬੀ.ਐੱਡ. ਕਾਲਜ, ਹੁਸ਼ਿਆਰਪੁਰ ਵਿਖੇ "ਸ਼ਾਸਤਰੀ ਸੰਗੀਤ ਕੇ ਰੰਗ, ਹੁਸ਼ਿਆਰਪੁਰ ਕੇ ਸੰਗ" ਨਾਮਕ ਵਿਸ਼ਾਲ ਸੰਗੀਤ ਸੰਮੇਲਨ ਕਰਵਾਇਆ ਗਿਆ।

ਇਨ੍ਹਾਂ ਸਮਾਗਮਾਂ ਵਿੱਚ ਸੰਗੀਤ ਪ੍ਰੇਮੀਆਂ, ਉੱਭਰਦੇ ਕਲਾਕਾਰਾਂ, ਨਾਮਵਰ ਸੰਗੀਤਕਾਰਾਂ, ਸਿੱਖਿਆ ਸ਼ਾਸਤਰੀਆਂ, ਸਮਾਜਿਕ ਸੰਸਥਾਵਾਂ ਅਤੇ ਮੀਡੀਆ ਪ੍ਰਤੀਨਿਧੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਟਰੱਸਟ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਦੀ ਸੰਗੀਤਕ ਪ੍ਰਤਿਭਾ ਨੂੰ ਉਚਿਤ ਮੰਚ ਪ੍ਰਦਾਨ ਕਰਨਾ ਅਤੇ ਭਾਰਤੀ ਸੰਗੀਤਕ ਵਿਰਸੇ ਨੂੰ ਸੰਭਾਲਣਾ ਤੇ ਪ੍ਰਫੁੱਲਤ ਕਰਨਾ ਹੈ।

12 ਨਵੰਬਰ ਨੂੰ ਕਰਵਾਇਆ ਗਿਆ ਸੰਗੀਤ ਮੁਕਾਬਲਾ

12 ਨਵੰਬਰ ਨੂੰ ਕਰਵਾਏ ਗਏ ਸੰਗੀਤ ਮੁਕਾਬਲੇ ਵਿੱਚ ਤਿੰਨ ਸ਼੍ਰੇਣੀਆਂ ਅਧੀਨ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਅਰਧ-ਸ਼ਾਸਤਰੀ ਗ਼ਜ਼ਲ ਗਾਇਕੀ, ਪੰਜਾਬੀ ਲੋਕ ਗਾਇਕੀ ਅਤੇ ਸ਼ਾਸਤਰੀ ਗਾਇਕੀ ਸ਼ਾਮਲ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਪ੍ਰਸਿੱਧ ਸੰਗੀਤਕਾਰ ਸ੍ਰੀ ਵਿਵੇਕ ਸਾਹਨੀ ਨੇ ਬਤੌਰ ਜੱਜ ਆਪਣੀ ਭੂਮਿਕਾ ਨਿਭਾਈ ਅਤੇ ਪ੍ਰਤੀਭਾਗੀਆਂ ਦੀ ਕਲਾ, ਸੁਰ, ਤਾਲ ਅਤੇ ਪੇਸ਼ਕਾਰੀ ਦਾ ਮੁਲਾਂਕਣ ਕੀਤਾ। ਇਸ ਮੌਕੇ ਮਾਰਸ਼ਲ ਐਜੂਕੇਸ਼ਨ ਸੋਸਾਇਟੀ ਦੇ ਚੇਅਰਮੈਨ ਸ੍ਰੀ ਰਾਜਿੰਦਰ ਸਿੰਘ ਮਾਰਸ਼ਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਮਾਤਾ ਸਾਹਿਬ ਕੌਰ ਐਜੂਕੇਸ਼ਨ ਸੋਸਾਇਟੀ, ਟਾਂਡਾ, ਹੁਸ਼ਿਆਰਪੁਰ ਤੋਂ ਸ੍ਰੀ ਸੁਖਵਿੰਦਰ ਸਿੰਘ ਅਰੋੜਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ੍ਰੀ ਗਗਨਦੀਪ ਸਿੰਘ ਅਤੇ ਸਮੂਹ ਸਟਾਫ਼ ਵੱਲੋਂ ਮੁਕਾਬਲੇ ਨੂੰ ਸਫ਼ਲ ਬਣਾਉਣ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਟਰੱਸਟ ਵੱਲੋਂ ਸਕੂਲ ਪ੍ਰਬੰਧਕਾਂ ਅਤੇ ਸਮੂਹ ਸਟਾਫ਼ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

ਸੰਗੀਤ ਮੁਕਾਬਲਿਆਂ ਦੇ ਨਤੀਜੇ ਹੇਠ ਲਿਖੇ ਅਨੁਸਾਰ ਰਹੇ:

1. ਪੰਜਾਬੀ ਲੋਕ ਗਾਇਕੀ

ਪਹਿਲਾ ਸਥਾਨ: ਸ੍ਰੀ ਅਰਸ਼ ਅਟਵਾਲ – ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਹੁਸ਼ਿਆਰਪੁਰ।

– ਦੂਜਾ ਸਥਾਨ: ਮਿਸ ਮਹਿਮਾ – ਸੇਂਟ ਮੈਰੀਜ਼ ਕਾਨਵੈਂਟ ਸਕੂਲ, ਭੋਗਪੁਰ।

2. ਅਰਧ-ਸ਼ਾਸਤਰੀ ਗ਼ਜ਼ਲ ਗਾਇਕੀ

– ਪਹਿਲਾ ਸਥਾਨ: ਮਿਸ ਡੇਜ਼ੀ ਰਾਏ – ਸਰਕਾਰੀ ਕਾਲਜ, ਹੁਸ਼ਿਆਰਪੁਰ।

– ਦੂਜਾ ਸਥਾਨ: ਸ੍ਰੀ ਨਿਪੁਨ ਸ਼ਰਮਾ – ਮਾਂ ਸ਼ਾਰਦੇ ਸੰਗੀਤ ਕਲਾ ਮੰਦਰ, ਹੁਸ਼ਿਆਰਪੁਰ।

– ਤੀਜਾ ਸਥਾਨ: ਮਿਸ ਪ੍ਰਭਜੋਤ ਕੌਰ।

3. ਸ਼ਾਸਤਰੀ ਗਾਇਕੀ

ਪਹਿਲਾ ਸਥਾਨ: ਸ੍ਰੀ ਚਿਤੇਸ਼ ਕੁਮਾਰ – ਮਾਂ ਸ਼ਾਰਦੇ ਸੰਗੀਤ ਕਲਾ ਮੰਦਰ, ਹੁਸ਼ਿਆਰਪੁਰ।

– ਦੂਜਾ ਸਥਾਨ: ਸ੍ਰੀ ਨਿਪੁਨ ਸ਼ਰਮਾ – ਮਾਂ ਸ਼ਾਰਦੇ ਸੰਗੀਤ ਕਲਾ ਮੰਦਰ, ਹੁਸ਼ਿਆਰਪੁਰ।

– ਤੀਜਾ ਸਥਾਨ: ਮਿਸ ਮਹਿਮਾ – ਸੇਂਟ ਮੈਰੀਜ਼ ਕਾਨਵੈਂਟ ਸਕੂਲ, ਭੋਗਪੁਰ।

ਟਰੱਸਟ ਵੱਲੋਂ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ ਗਈ ਅਤੇ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਮੂਹ ਪ੍ਰਤੀਭਾਗੀਆਂ ਦੀ ਮਿਹਨਤ, ਲਗਨ ਅਤੇ ਸੰਗੀਤ ਪ੍ਰਤੀ ਸਮਰਪਣ ਦੀ ਸ਼ਲਾਘਾ ਕੀਤੀ ਗਈ।

14 ਨਵੰਬਰ ਨੂੰ ਵਿਸ਼ਾਲ ਸੰਗੀਤ ਸੰਮੇਲਨ ਦਾ ਆਯੋਜਨ

14 ਨਵੰਬਰ 2026 ਨੂੰ ਬੀ.ਐੱਡ. ਕਾਲਜ, ਹੁਸ਼ਿਆਰਪੁਰ ਵਿਖੇ "ਸ਼ਾਸਤਰੀ ਸੰਗੀਤ ਕੇ ਰੰਗ, ਹੁਸ਼ਿਆਰਪੁਰ ਕੇ ਸੰਗ" ਨਾਮਕ ਵਿਸ਼ਾਲ ਸੰਗੀਤ ਸੰਮੇਲਨ ਕਰਵਾਇਆ ਗਿਆ।

ਇਸ ਮੌਕੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੂੰ ਮੁੱਖ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ, ਵਿਧਾਇਕ ਸ੍ਰੀ ਬ੍ਰਹਮ ਸ਼ੰਕਰ ਜਿੰਪਾ ਅਤੇ ਵਿਧਾਇਕ ਡਾ. ਇਸ਼ਾਂਕ ਚੱਬੇਵਾਲ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸੱਦਾ ਦਿੱਤਾ ਗਿਆ।

ਸਮਾਗਮ ਦੀ ਸ਼ੁਰੂਆਤ ਟਰੱਸਟ ਦੇ ਚੇਅਰਮੈਨ ਸ੍ਰੀ ਪੀ.ਸੀ. ਰਾਉਤ ਰਾਜਪੂਤ ਅਤੇ ਜਨਰਲ ਸਕੱਤਰ ਪੀ.ਸੀ.ਐੱਸ. ਉਮੇਸ਼ ਵਰਮਾ ਵੱਲੋਂ ਮਾਂ ਸਰਸਵਤੀ ਦੀ ਪੂਜਾ ਕਰਕੇ ਕੀਤੀ ਗਈ। ਇਸ ਪਵਿੱਤਰ ਮੌਕੇ ਉਸਤਾਦ ਕਲਾ ਰਾਮ, ਉਸਤਾਦ ਪ੍ਰੇਮ ਚੰਦ, ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਵਿਧੀ ਭੱਲਾ, ਸ੍ਰੀਮਤੀ ਮਨਦੀਪ ਕੌਰ ਸਿਕਰੀ, ਸ੍ਰੀ ਸਰਬਜੀਤ ਸਿੰਘ ਆਦਮਪੁਰ, ਸ੍ਰੀ ਅਵਤਾਰ ਸਿੰਘ ਘੋੜਾਵਾਹੀ, ਸ੍ਰੀ ਅਮਰਦੀਪ ਸਿੰਘਪੁਰੀਆ ਅਤੇ ਟਰੱਸਟ ਦੀ ਵਾਈਸ ਚੇਅਰਪਰਸਨ ਸ੍ਰੀਮਤੀ ਸੁਮਨ ਲਤਾ ਨੇ ਵੀ ਸ਼ਿਰਕਤ ਕੀਤੀ।

ਸੰਗੀਤ ਸੰਮੇਲਨ ਦੌਰਾਨ ਹੋਈਆਂ ਸ਼ਾਨਦਾਰ ਪੇਸ਼ਕਾਰੀਆਂ

ਇਸ ਸੰਗੀਤ ਸੰਮੇਲਨ ਵਿੱਚ ਸ਼ਾਸਤਰੀ ਨ੍ਰਿਤ, ਭਜਨ, ਗ਼ਜ਼ਲ, ਸ਼ਾਸਤਰੀ ਗਾਇਕੀ, ਸਿਤਾਰ ਵਾ

ਹੱਕ ਸੱਚ ਦੀ ਆਵਾਜ਼

ਫਤਿਹ ਟਾਈਮਜ਼

CHANNEL

ਸਿਆਸੀ ਖਬਰਾਂ ਦੇਖਣ ਲਈ

fatehtimes channel

ਨੂੰ ਜਰੂਰ ਸਬਸਕਰਾਈਬ

ਕਰੋ।

ਫਤਿਹ ਟਾਈਮਜ਼ ਚੈਂਨਲ

ਤੇ ਖਬਰਾਂ,ਪੋਡਕਾਸਟ,ਇੰਟਰਵਿਊ

ਦੇਣ ਲਈ ਸੰਪਰਕ ਕਰੋ।

ਮੋ; 99885-37575